Chapter-11 Gurpreet Kaur

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-11 'ਮੇਰਾ ਸਕੂਲ ਵਿੱਚ ਪਹਿਲਾ ਦਿਨ' ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਹ ਪਾਠ ਤੁਹਾਡੀ ਪਾਠ-ਪੁਸਤਕ "ਕਿੱਕਲੀ" ਦੇ ਪੰਨਾ ਨੰਬਰ-56 ਤੇ ਦਰਜ ਹੈ। ਜੇ, ਸਾਰੇ ਵਿਦਿਆਰਥੀ ਤਿਆਰ ਹਨ ਤਾਂ ਆਓ ਪੜ੍ਹਨਾ ਸ਼ੁਰੂ ਕਰੀਏ।

# 11 ਮੇਰਾ ਸਕੂਲ ਵਿੱਚ ਪਹਿਲਾ ਦਿਨ

**ਇਸ ਪਾਠ ਵਿੱਚ ਬੱਚੇ ਦੇ ਸਕੂਲ ਵਿੱਚ ਪਹਿਲੇ ਦਿਨ ਜਾਣ ਦਾ ਜ਼ਿਕਰ ਕੀਤਾ ਗਿਆ ਹੈ। ਤਿੰਨ ਸਾਲਾਂ ਦੇ ਬੱਚੇ ਨੂੰ ਖੇਡਾਂ ਰਾਹੀਂ ਪੜ੍ਹਾਈ ਕਰਾਉਣ ਬਾਰੇ ਦੱਸਿਆ ਗਿਆ ਹੈ।**

ਮੈਂ ਤਿੰਨ੍ਹ ਸਾਲਾਂ ਦਾ ਹੋ ਗਿਆ ਸਾਂ। ਘਰ ਵਿੱਚ ਮੈਨੂੰ ਸਕੂਲ ਦਾਖ਼ਲ ਕਰਾਉਣ ਦੀਆਂ ਗੱਲਾਂ ਚੱਲ ਰਹੀਆਂ ਸਨ। ਪਰੰਤੂ ਮੇਰਾ ਹਾਲੇ ਖੇਡਣ ਨੂੰ ਜੀ ਕਰਦਾ ਸੀ। ਮੇਰਾ ਹਾਲੇ ਸਕੂਲ ਵਿੱਚ ਜਾਣ ਨੂੰ ਜੀ ਨਹੀਂ ਸੀ ਕਰਦਾ।

ਇੱਕ ਦਿਨ ਮੰਮੀ ਜੀ ਨੇ ਮੈਨੂੰ ਸਵੇਰੇ ਉਠਾਇਆ। ਮੇਰੇ ਸੁਹਣੇ-ਸੁਹਣੇ ਕੱਪੜੇ ਪਾਏ। ਪਾਪਾ ਆ ਕੇ ਬੋਲੇ, "ਇਆਨ ਤਿਆਰ ਹੋ! ਅੱਜ ਮੇਰਾ ਪਿਆਰਾ ਬੇਟਾ ਸਕੂਲ ਜਾਵੇਗਾ।"

ਔਖੇ ਸ਼ਬਦ ਜਿਵੇਂ ਕਿ ਤਿੰਨ, ਦਾਖ਼ਲ, ਜੀ, ਕੱਪੜੇ → ਲਿਖੋ ਅਤੇ ਯਾਦ ਕਰੋ।

"ਪਰ ਪਾਪਾ ਮੈਂ ਤਾਂ ਹਾਲੇ ਖੇਡਣਾ ਹੈ। ਮੈਂ ਤਾਂ ਹਾਲੇ ਤਿੰਨ ਸਾਲਾਂ ਦਾ ਹੀ ਹੋਇਆ ਹਾਂ।" ਮੈਂ ਕਿਹਾ।

"ਜ਼ਰੂਰ ਖੇਡੀਂ। **ਜੀ ਭਰ ਕੇ** ਖੇਡੀਂ। ਜਿਹੜੇ ਸਕੂਲ ਤੈਨੂੰ ਲੈ ਕੇ ਜਾ ਰਹੇ ਹਾਂ, ਉੱਥੇ ਖੇਡਾਂ ਹੀ ਤਾਂ ਕਰਾਈਆਂ ਜਾਂਦੀਆਂ ਹਨ।" ਪਾਪਾ ਮੈਨੂੰ ਕਾਰ ਵਿੱਚ ਬਿਠਾਉਂਦਿਆਂ ਬੋਲੇ।



ਖੇਡਾਂ ਦਾ ਨਾਂ ਸੁਣ ਕੇ ਮੈਂ ਖ਼ੁਸ਼ ਹੋ ਗਿਆ। ਹੁਣ ਅਸੀਂ ਪ੍ਰਿੰਸੀਪਲ ਮੈਡਮ ਦੇ ਦਫ਼ਤਰ ਵਿੱਚ ਬੈਠੇ ਸਾਂ। ਮੈਡਮ ਨੇ ਮੈਨੂੰ ਘੁੱਟ ਕੇ ਪਿਆਰ ਕੀਤਾ। ਮੈਨੂੰ ਟਾਫ਼ੀਆਂ ਵੀ ਖਾਣ ਲਈ ਦਿੱਤੀਆਂ। ਫਿਰ

ਔਖੇ ਸ਼ਬਦ ਕਾਪੀਆਂ ਵਿੱਚ ਲਿਖੋ :-

1) ਖੇਡਣਾ
2) ਜ਼ਰੂਰ
3) ਬਿਠਾਉਂਦਿਆਂ
4) ਪ੍ਰਿੰਸੀਪਲ
5) ਦਫ਼ਤਰ
6) ਟਾਫ਼ੀਆਂ
7) ਘੁੱਟ

Tender Heart High School, Class-V (Punjabi)

__/__/

Ch-11 Gurpreet Kaur

Last page - 3

ਉਨ੍ਹਾਂ ਨੇ ਮੇਰੀ ਜਮਾਤ ਦੀ ਇੰਚਾਰਜ ਮੈਡਮ ਨੂੰ ਬੁਲਾਇਆ। ਉਹ ਮੈਨੂੰ ਜਮਾਤ ਦੇ ਕਮਰੇ ਵਿੱਚ ਲੈ ਗਏ। ਉੱਥੇ ਬਹੁਤ ਸਾਰੇ ਬੱਚੇ ਬੈਠੇ ਸਨ। ਮੈਂ **ਜਲਦੀ** ਹੀ ਉਨ੍ਹਾਂ ਨਾਲ **ਘੁਲ-ਮਿਲ ਗਿਆ**। ਜਲਦੀ ਹੀ ਮੈਂ ਉਨ੍ਹਾਂ ਨਾਲ ਖੇਡਣ ਲੱਗਾ। ਮੈਨੂੰ ਮੇਰੇ ਸਕੂਲ ਵਿੱਚ ਪਹਿਲਾ ਦਿਨ ਬਹੁਤ ਚੰਗਾ ਲੱਗਾ। ਇਹ ਮੈਨੂੰ ਹਾਲੇ ਤੱਕ ਯਾਦ ਹੈ।



## ਔਖੇ ਸ਼ਬਦਾਂ ਦੇ ਅਰਥ

ਸ਼ਬਦ ਸ਼ਬਦ

1) ਅਪਨਾਵਾਂ 3) ਖੁੱਲ੍ਹ ਕੇ ਖੇਡੀਂ 5) ਨਾਂ ਚਮਕਾਉਣਾ 6) ਛੇਤੀ ਹੀ

2) ਹਵਾ 'ਚ ਉੱਡਣਾ 4) ਰਲ ਗਿਆ

ਸ਼ਬਦਾਂ ਦੇ ਸਹੀ ਅਰਥ ਇਸ ਤਰ੍ਹਾਂ ਹਨ:-

1) ਅਪਨਾਵਾਂ - ਮੰਨਾਂ, ਧਾਰਨ ਕਰਾਂ

2) ਹਵਾ 'ਚ ਉੱਡਣਾ - ਆਪਣੇ ਉੱਤੇ ਘਮੰਡ ਕਰਨਾ

3) ਖੁੱਲ੍ਹ ਕੇ ਖੇਡੀਂ - ਬਿਨਾਂ ਡਰ ਤੋਂ ਖੇਡਣਾ

4) ਰਲ ਗਿਆ - ਘੁਲ-ਮਿਲ ਗਿਆ

5) ਨਾਂ ਚਮਕਾਉਣਾ - ਨਾਮ ਰੌਸ਼ਨ ਕਰਨਾ

6) ਛੇਤੀ ਹੀ - ਜਲਦੀ ਹੀ।

ਧੰਨਵਾਦ।